# ਸਤਿ ਸੁਹਾਣੁ ਸਦਾ ਮਨਿ ਚਾਉ

**ਸੁਅਸਤਿ ਆਥਿ ਬਾਣੀ ਬਰਮਾਉ ॥**

**ਸਤਿ ਸੁਹਾਣੁ ਸਦਾ ਮਨਿ ਚਾਉ ॥**

**ਸੁਅਸਤਿ – ਓਅੰਕਾਰ ਦੀ ਧੁਨੀ, ਜਾਪ; ਆਥਿ – ਮਾਇਆ ਤੋਂ ਰਹਿਤ; ਬਾਣੀ – ਅਨਹਦ ਸਬਦ; ਬਰਮਾਉ – ਬ੍ਰਹਮਾ ਦੇ ਆਉਣ, ਭਾਵ, ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ; ਸਤਿ – ਸਦਾ ਥਿਰ, ਭਾਵ, ਜਨਮ ਮਰਨ ਤੋਂ ਰਹਿਤ; ਸੁਹਾਣੁ – ਅਤਿ ਸੁੰਦਰ; ਮਨਿ ਚਾਉ – ਅਨੰਦ ਦੀ ਅਵੱਸਥਾ**

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਸ਼ਾਹਕਾਰ ਰਚਨਾ 'ਜਪੁ' ਬਾਣੀ ਦੀ ੨੧ਵੀਂ ਪਉੜੀ ਵਿਚੋਂ ਹਨ। ਇਸ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾ ਸਥਾਨ ਪ੍ਰਾਪਤ ਹੈ।

**ਅਰਥ** : ਜੇ ਜਨਮ ਮਰਣ ਤੋਂ ਰਹਿਤ-ਸਤਿ, ਸਦਾ ਸੁੰਦਰ ਅਤੇ ਸਦਾ ਥਿਰ ਅਨੰਦ ਦੀ ਅਵੱਸਥਾ ਵਿਚ ਰਹਿਣਾ ਚਾਹੁੰਦੇ ਹੋ ਤਾਂ

ਜੋ, ਬ੍ਰਹਮਾ ਦੇ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ ਦੀ, ਮਾਇਆ ਤੋਂ ਰਹਿਤ, ਅਨਹੱਦ ਧੁਨੀ (ਬਾਣੀ, ਸਬਦ) ਮੌਜੂਦ ਹੈ, ਉਸ ਦਾ ਉਚਾਰਣ, ਭਾਵ, ਸਿਮਰਣ ਕਰੋ।

ਸ੍ਰੀ ਗੁਰੂ ਨਾਨਕ ਸਾਹਿਬ ਨੇ, ਆਸਾ ਕੀ ਵਾਰ ਵਿਚ ਫ਼ੁਰਮਾਣ ਕੀਤਾ ਹੈ ਕਿ ਪ੍ਰਭੂ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ, ਆਪਣੇ ਆਪ ਨੂੰ ਸਾਜਿਆ, ਭਾਵ, ਆਪਣੇ ਆਪ ਨੂੰ **ਗੁਰ-ਜੋਤਿ** ਸਰੂਪ ਵਿਚ ਪ੍ਰਗਟ ਕੀਤਾ, ਅਤੇ ਫ਼ਿਰ, ਨਾਮ, ਅਨਹੱਦ ਸ਼ਬਦ, ਜੋ ਬਿਨਾਂ ਵਜਾਏ ਵਜਦਾ ਹੈ, ਦੀ ਸਾਜਨਾ ਕੀਤੀ। ਉਸ ਤੋਂ ਬਾਅਦ ਹੀ ਕੁਦਰਤ, ਸ੍ਰਿਸ਼ਟੀ ਦੀ ਸਾਜਨਾ ਹੋਈ – 'ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥' ਇਸ ਲਈ, ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨਾਂ ਅਨੁਸਾਰ ਵਾਹਗੁਰੂ ਦੇ ਖੰਡ ਵਿਚ ਸਿਰਫ਼ ਉਹੀ ਅਨਹੱਦ ਸ਼ਬਦ, ਹਰ ਵਕਤ ਵਜਦਾ, ਮੌਜੂਦ ਰਹਿੰਦਾ ਹੈ, ਜੋ ਸਿਰਫ਼ ਗੁਰੂ ਦੀ ਮਤ ਅਨੁਸਾਰ, ਉਸ ਦੀ ਕਿਰਪਾ ਨਾਲ ਹੀ ਸੁਣਿਆਂ ਜਾ ਸਕਦਾ ਹੈ – 'ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥', ਅੰਕ ੧੨੪.

ਪੰਚਮ ਪਾਤਸ਼ਾਹ ਨੇ ਸੁਖਮਨੀ ਸਾਹਿਬ ਵਿਚ ਫ਼ੁਰਮਾਣ ਕੀਤਾ ਹੈ ਕਿ ਸਾਧੂ ਦਾ ਦਿਤਾ ਹੋਇਆ ਬਚਨ, ਭਾਵ, ਗੁਰ ਮੰਤਰ, ਭਾਵ ਨਾਮ, **ਸਤਿ** ਹੈ, ਅਟਲ ਹੈ, ਕਦੇ ਖੁਰਣ ਵਾਲਾ ਨਹੀਂ। ਇਸ ਦੇ ਨਾਲ ਹੀ, ਉਹ ਗੁਰ ਮੰਤਰ, ਜਿਸ ਦੇ ਹਿਰਦੇ ਵਿਚ ਪ੍ਰਵੇਸ਼ ਕਰ ਗਿਆ, ਭਾਵ, ਸਮਾਅ ਗਿਆ ਉਹ ਵੀ **ਸਤਿ** ਜਾਂ ਅਟਲ, ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ – 'ਸਤਿ ਬਚਨ ਸਾਧੂ ਉਪਦੇਸ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥', ਪੰਨਾ ੨੮੪. ਇਸੇ ਬਾਣੀ ਵਿਚ ਹੀ ਸਤਿਗੁਰੂ ਦੇ ਵਾਕ ਹਨ ਕਿ ਜੋ ਪ੍ਰਭੂ ਦਾ ਸਿਮਰਣ ਕਰਦੇ ਹਨ ਉਨ੍ਹਾਂ ਦੇ ਮੁਖ ਸੁਹਾਵਣੇ, ਸੁੰਦਰ ਹੋ ਜਾਂਦੇ ਹਨ, ਭਾਵ, ਉਹ ਪ੍ਰਭੂ ਦੇ ਦਰਬਾਰ ਵਿਚ ਸੋਂਹਦੇ ਹਨ। ਜਿਹੜੇ ਪ੍ਰਭੂ ਦਾ ਸਿਮਰਣ ਕਰਦੇ ਹਨ ਉਨ੍ਹਾਂ ਨੂੰ ਸਦਾ ਸੁਖ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਦੇ ਅਨੰਦ ਦਾ ਅੰਤ ਪਾਰਾਵਾਰ ਨਹੀਂ ਰਹਿੰਦਾ – 'ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ॥..ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ॥' ਪ੍ਰਭੂ ਦੇ ਸਿਮਰਣ ਨਾਲ ਮਨੁਖ ਸਤਿ, ਭਾਵ ਸਦਾ ਲਈ ਥਿਰ ਆਸਣ, ਥਾਂ ਮਿਲ ਜਾਂਦਾ ਹੈ, ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ

ਹੈ - 'ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥' ਪਰੰਤੂ, ਸੁਖਮਨੀ ਸਾਹਿਬ ਅਨੁਸਾਰ, ਇਹ, ਪ੍ਰਭੂ ਦਾ ਸਿਮਰਣ, ਮਿਲਦਾ ਹੈ, ਪ੍ਰਭੂ ਦੇ ਭਗਤਾਂ ਤੋਂ, ਕਿਉਂਕਿ ਇਸ ਦਾ ਨਿਵਾਸ ਹੀ ਭਗਤਾਂ ਦੇ ਹਿਰਦੇ ਵਿਚ ਹੈ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥' ਇਹੀ, 'ਰਹਾਉ' ਦੀ ਪੰਕਤੀ ਸੁਖਮਨੀ ਸਾਹਿਬ ਦਾ ਹੀ ਨਹੀਂ, ਸਗੋਂ ਸਮੁਚੀ ਬਾਣੀ ਦਾ ਵੀ ਸਾਰ ਹੈ।

ਗੁਰਬਾਣੀ ਅਨੁਸਾਰ ਉਹੀ ਸੁੰਦਰ ਹੈ ਜੋ ਸਿਮਰਣ ਕਰਦਾ ਹੈ ਅਤੇ ਸਾਧੂ ਦੀ ਸੰਗਤਿ ਕਰਦਾ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਅਨੁਸਾਰ, ਉਹੀ ਮਨੁਖ ਸੁੰਦਰ ਹਨ ਜੋ ਵਾਹੁ (ਵਾਹਗੁਰੂ) ਵਾਹੁ (ਵਾਹਗੁਰੂ) ਦਾ ਜਾਪ ਜਪਦੇ ਹਨ। ਉਹ, ਨਾ ਸਿਰਫ਼ ਸੋਹਣੇ ਹੀ ਹਨ, ਬਲਕਿ ਲੋਕ ਉਨ੍ਹਾਂ ਦੀ ਪੂਜਾ ਵੀ ਕਰਦੇ ਹਨ - 'ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ॥', ਪੰਨਾ ੫੧੪. ਨਾਲ, ਬੇਨਤੀ ਵੀ ਕੀਤੀ ਹੈ ਕਿ ਜੋ **ਵਾਹਗੁਰੂ ਵਾਹਗੁਰੂ..** ਦਾ ਜਾਪ ਜਪ ਕੇ ਸੁੰਦਰ ਹੋ ਜਾਂਦੇ ਹਨ, ਹੇ ਵਾਹਗੁਰੂ ! ਮੈਨੂੰ ਉਨ੍ਹਾਂ ਦੀ ਸੰਗਤਿ ਕਰਵਾ ਦੇ ਤਾਂ ਕਿ ਉਨ੍ਹਾਂ ਦੀ ਸੰਗਤਿ ਨਾਲ ਪ੍ਰਭੂ ਮਿਲ ਜਾਏ - 'ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ੍ ਕੈ ਸੰਗਿ ਮਿਲਾਇ॥', ਪੰਨਾ ੫੧੫. ਪੰਜਵੇਂ ਪਾਤਸ਼ਾਹ ਨੇ ਸਾਧੂ ਸੰਗਤਿ ਕਰਣ ਵਾਲਿਆਂ ਨੂੰ ਸੁੰਦਰ ਕਿਹੈ - 'ਸੇਈ ਸੁੰਦਰ ਸੋਹਣੇ॥ ਸਾਧ ਸੰਗਿ ਜਿਨ ਬੈਹਣੇ॥', ਅੰਕ ੧੩੨.

ਇੰਞ, ਸਾਧੂ ਦੀ ਸੰਗਤਿ ਕਰਦੇ ਹੋਏ, ਸਿਮਰਣ ਕਰਦਿਆਂ ਕਰਦਿਆਂ, ਮਨੁਖ, ਜਦੋਂ ਕਿਸੇ ਖ਼ਾਸ ਉਚੀ ਅਵੱਸਥਾ ਤਕ ਪੁਜ ਜਾਂਦਾ ਹੈ ਤਾਂ, ਉਸ ਨੂੰ, ਉਸ ਅਵੱਸਥਾ ਤੇ, ਪ੍ਰਭੂ ਦੀ ਸਿਫ਼ਤ ਸਲਾਹ ਦੀ ਧੁਨੀ, ਨਾਦ ਪ੍ਰਾਪਤ ਹੋ ਜਾਂਦੇ ਹਨ ਜਿਸ ਅਵੱਸਥਾ ਤੇ, ਪ੍ਰਭੂ ਦੇ ਭਗਤ ਜਨ, ਸਦਾ ਭਗਤੀ ਕਰਦੇ, ਹਰੀ ਦੇ ਸੰਗ, ਉਸ ਦੇ ਰੰਗ ਵਿਚ ਹੀ ਰੰਗੇ ਰਹਿੰਦੇ ਹਨ - 'ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥' ਇਸ ਅਵੱਸਥਾ ਤੇ, ਜਨਮ ਮਰਣ, ਸੋਗ ਅਤੇ ਹਰਖ ਨਹੀਂ ਰਹਿ ਜਾਂਦੇ, ਸਿਰਫ਼ ਪ੍ਰਭੂ ਦੇ ਸਚੇ ਨਾਮ, ਅਨਹੱਦ ਸ਼ਬਦ ਦੀ ਬਰਖਾ ਹੀ ਹੁੰਦੀ ਹੈ - 'ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚ ਨਾਮ ਕੀ ਅੰਮ੍ਰਿਤ ਵਰਖਾ॥', ਪੰਨਾ ੭੩੯. ਇਥੇ, ਪ੍ਰਭੂ ਦੇ ਨਾਮ ਰੂਪੀ ਬਾਣੀ ਦੀ ਪ੍ਰਾਪਤੀ ਹੁੰਦੀ ਹੈ, ਜੋ ਕਿਸੇ ਵਿਰਲੇ ਨੂੰ ਹੀ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ - 'ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ॥ ਗੁਰ ਪਰਸਾਦਿ ਕਿਨੈ ਵਿਰਲੈ ਜਾਣੀ॥' ਅੰਕ ੧੦੩.

ਪੰਚਮ ਪਾਤਸ਼ਾਹ ਨੇ ਇਸ ਰਹੱਸਮਈ ਅਵੱਸਥਾ ਦਾ ਵਿਸਮਾਦੀ ਵਰਣਨ ਇੰਞ ਕੀਤਾ ਹੈ ਕਿ ਜਿਥੇ ਪ੍ਰਭੂ ਦੀ ਸਦਾ ਹੀ ਅਨਹਦ ਸਾਜ਼ਾਂ ਨਾਲ, ਰੱਬੀ ਝੁਣਕਾਰ (ਸਿਮਰਣ ਆਪ ਮੁਹਾਰਾ ਫੁਟ ਪੈਣ ਦੀ ਇਕ ਅਵੱਸਥਾ) ਵਜਦੀ, ਗੂੰਜਦੀ ਹੈ ਉਥੇ ਸਦਾ ਹੀ ਅਨੰਦ, ਖੇੜਾ ਰਹਿੰਦਾ ਹੈ ਅਤੇ ਸਭ ਸੰਤ ਜਨ ਮਿਲਕੇ ਪ੍ਰਭੂ ਦਾ ਜੈਕਾਰ ਕਰਦੇ, ਭਾਵ ਸਿਫ਼ਤ ਸਲਾਹ ਕਰਦੇ ਹਨ - 'ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥ ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ॥', ਪੰਨਾ ੫੪੫. ਅਜਿਹੀ ਬਿਆਨ ਕੀਤੀ ਗਈ ਅਵੱਸਥਾ ਦੇ ਵਰਨਣ ਨੂੰ ਸ਼ਬਦਾਂ ਵਿਚ ਪੂਰਾ ਪੂਰਾ ਉਤਾਰਨਾ ਸੰਭਵ ਨਹੀਂ। ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨਾਂ ਅਨੁਸਾਰ, ਮਨ ਦਾ ਕਮਲ ਖਿੜ ਗਿਆ, ਸਦਾ ਪ੍ਰਭੂ ਦੇ ਨਾਮ ਦੇ ਰੰਗ ਵਿਚ ਰੰਗਿਆ ਗਿਆ ਅਤੇ ਬਿਨਾਂ ਬਾਹਰੀ ਚੋਟ ਵਾਲਾ ਵਾਜਾ ਵਜ ਪਿਆ, ਭਾਵ, ਨਾਮ ਦਾ ਫ਼ੁਆਰਾ ਫੁਟ ਪਿਆ, ਤਨ ਮਨ ਵਿਚ ਪ੍ਰਭੂ ਦੀ ਨਿਰਮਲ, ਮੋਹ ਮਾਇਆ ਤੋਂ ਅਤੀਤ ਬਾਣੀ ਭਾਵ, ਗੁਰ ਦਾ ਦਿਤਾ ਸ਼ਬਦ ਹਿਰਦੇ ਵਿਚ ਵਸਾਉਣ ਨਾਲ ਮਨ ਨਿਰਮਲ ਹੋ ਗਿਆ ਅਤੇ ਉਸ ਸਚੇ ਪ੍ਰਭੂ ਵਿਚ ਸਮਾਅ ਗਿਆ -

'ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ॥', ਪੰਨਾ ੬੦੨.

ਇਹੀ ਹੈ ਸਾਰਾ ਭਾਵ, ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਇਨ੍ਹਾਂ ਪੰਕਤੀਆਂ ਦਾ, ਕਿ '**ਹੇ ਮਨੁਖ ਜੇ ਤੂੰ ਚਾਹੁੰਦਾ ਹੈ ਸਤਿ ਹੋਣਾ, ਸੁੰਦਰ ਹੋਣਾ ਅਤੇ ਸਦਾ ਮਨ ਵਿਚ ਰੱਬੀ ਖੇੜਾ ਲਿਆਉਣਾ ਤਾਂ, ਜੋ, ਬ੍ਰਹਮਾ ਦੇ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ, ਮਾਇਆ ਤੋਂ ਰਹਿਤ, ਅਨਹੱਦ ਧੁਨੀ (ਬਾਣੀ) ਹੈ, ਉਸ ਦਾ ਉਚਾਰਣ ਕਰ, ਭਾਵ ਸਿਮਰਣ ਕਰ।**'

'**ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥**'

